# Doxycycline Treatment
# Doxycycline (ਡੌਕਸੀਸਾਇਕਲੀਨ) ਰਾਹੀਂ ਕੀਤਾ ਜਾਣ ਵਾਲਾ ਇਲਾਜ

Doxycycline ਮੂੰਹ ਰਾਹੀਂ ਖਾਧਾ ਜਾਣ ਵਾਲਾ ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਹੜਾ ਸੰਭੋਗ ਕਾਰਣ ਹੋਈਆਂ ਇਨਫ਼ੈਕਸ਼ਨਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

**Allergies**
**ਐਲਰਜੀਆਂ**

- ਜੇ ਤੁਹਾਨੂੰ Doxycycline (ਡੌਕਸੀਸਾਇਕਲੀਨ), Minocycline (ਮਿਨੋਸਾਇਕਲੀਨ), ਜਾਂ Tetracycline (ਟੈਰਾਸਾਇਕਲੀਨ) ਜਿਹੇ ਕਿਸੇ ਵੀ ਮੈਕ੍ਰੋਲਾਇਡ ਐਂਟੀਬਾਇਓਟਿਕ ਤੋਂ ਐਲਰਜੀ ਹੈ ਤਾਂ ਤੁਹਾਨੂੰ ਸਿਹਤ ਸੰਬੰਧੀ ਦੇਖਭਾਲ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਇਸ ਬਾਰੇ ਦੱਸੋ।
- ਜੇ ਤੁਹਾਨੂੰ ਸਲਫ਼ਾਈਟ (ਖਾਣ ਵਾਲੀਆਂ ਚੀਜ਼ਾਂ ਦਾ ਖ਼ਰਾਬ ਹੋਣ ਤੋਂ ਬਚਾਅ ਕਰਨ ਵਾਲੇ ਤੱਤ) ਤੋਂ ਐਲਰਜੀ ਹੈ ਤਾਂ Doxycycline ਨਾ ਲਓ।

**Pregnancy/Breastfeeding**
**ਗਰਭ ਅਵਸਥਾ/ਬੱਚੇ ਨੂੰ ਆਪਣਾ ਦੁੱਧ ਪਿਲਾਉਣਾ**

- Doxycycline ਨੂੰ ਗਰਭ ਅਵਸਥਾ ਦੌਰਾਨ ਲੈਣਾ ਸੁਰੱਖਿਅਤ **ਨਹੀਂ** ਹੈ।
- ਬੱਚੇ ਨੂੰ ਆਪਣਾ ਦੁੱਧ ਪਿਲਾਉਂਦੇ ਹੋਏ Doxycycline ਨੂੰ ਥੋੜ੍ਹੀ ਮਿਆਦ ਲਈ ਲੈਣਾ ਆਮ ਤੌਰ 'ਤੇ ਮੁਆਫ਼ਕ, ਭਾਵ ਬੱਚੇ ਲਈ ਬਹੁਤ ਘੱਟ ਖ਼ਤਰਨਾਕ ਸਮਝਿਆ ਜਾਂਦਾ ਹੈ। ਆਪਣੇ ਡਾਕਟਰ ਦੀ ਸਲਾਹ ਲਓ।
- ਬੱਚੇ ਨੂੰ ਆਪਣਾ ਦੁੱਧ ਪਿਲਾਉਂਦੇ ਹੋਏ Doxycycline ਦੀ ਲੰਮੀ ਮਿਆਦ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਹ ਬੱਚਿਆਂ ਵਿੱਚ ਜਜ਼ਬ ਹੋ ਸਕਦੀ ਹੈ ਅਤੇ ਇਸ ਦਾ ਮਾੜਾ ਪ੍ਰਭਾਵ ਪੈ ਸਕਦਾ ਹੈ (ਉਦਾਹਰਣ ਵਜੋਂ, ਦੰਦਾਂ 'ਤੇ ਦਾਗ਼, ਹੱਡੀਆਂ ਦੇ ਵਿਕਾਸ ਵਿੱਚ ਕਮੀ)।

**CAUTION**
**ਸਾਵਧਾਨ**

- **ਜੇ ਤੁਹਾਨੂੰ ਮਿਆਸਥੀਨੀਆ ਗ੍ਰੈਵਿਸ** (ਤੰਤੂ-ਪੱਠਿਆਂ ਸੰਬੰਧੀ ਇੱਕ ਵਿਗਾੜ) **ਹੈ ਤਾਂ ਤੁਸੀਂ Doxycycline ਨਹੀਂ ਲੈ ਸਕਦੇ।**
- **ਮਿਹਰਬਾਨੀ ਕਰਕੇ ਨੋਟ ਕਰੋ ਕਿ ਇੰਟ੍ਰਾਵੈਨਸ (ਅੰਤਰ-ਨਸੀ) ਦਵਾਈਆਂ ਇਸ ਦਸਤਾਵੇਜ਼ ਵਿਚ ਸ਼ਾਮਲ ਨਹੀਂ ਕੀਤੀਆਂ ਗਈਆਂ। ਜੇ ਤੁਸੀਂ ਇੰਟ੍ਰਾਵੈਨਸ ਰਾਹੀਂ ਕੋਈ ਦਵਾਈਆਂ ਲੈ ਰਹੇ ਹੋ, ਤਾਂ ਮਿਹਰਬਾਨੀ ਕਰਕੇ ਆਪਣੇ ਸਿਹਤ ਪ੍ਰੈਕਟੀਸ਼ਨਰ (ਪੇਸ਼ਾਵਰ) ਨੂੰ ਦੱਸ ਦੇਵੋ।**
- Doxycycline ਅਤੇ **ਆਇਰਨ ਸੰਪੂਰਕ, ਕੈਲਸੀਅਮ ਸੰਪੂਰਕ, ਅਲੂਮਨਮ ਅਤੇ ਮੈਗਨੀਸੀਅਨ ਵਾਲੀਆਂ ਖਟਾਈ ਮਾਰ ਦਵਾਈਆਂ ਜਾਂ Bismuth Subalicylates (ਬਿਸਮੁੱਥ ਸੁਬੈਲੀਸਾਇਲੇਟਸ –** Pepto Bismol®) ਇੱਕੋ ਸਮੇਂ ਨਾ ਲਓ। Doxycycline ਨੂੰ ਇਹ ਪ੍ਰੌਡਕਟਸ ਲੈਣ ਤੋਂ ਦੋ ਘੰਟੇ ਪਹਿਲਾਂ ਜਾਂ ਛੇ ਘੰਟੇ ਬਾਅਦ ਲਓ।
- ਸੂਰਜ ਦੀ ਰੋਸ਼ਨੀ ਜਾਂ ਨਕਲੀ ਯੂ.ਵੀ. ਕਿਰਣਾਂ (ਸੰਨਲੈਂਪ ਜਾਂ ਟੈਨਿੰਗ ਬੈੱਡ) ਦੇ ਪ੍ਰਭਾਵ ਹੇਠ ਆਉਣ ਤੋਂ ਪਰਹੇਜ਼ ਕਰੋ। Doxycycline ਤੁਹਾਡੀ ਚਮੜੀ ਨੂੰ ਜ਼ਿਆਦਾ ਨਾਜ਼ੁਕ ਬਣਾ ਸਕਦੀ ਹੈ ਜਿਸ ਦੇ ਨਤੀਜੇ ਵਜੋਂ ਸੰਨ ਬਰਨ (ਸੂਰਜ ਦੀਆਂ ਕਿਰਣਾਂ ਤੋਂ ਪੈਣ ਵਾਲਾ ਸਾੜ) ਹੋ ਸਕਦਾ ਹੈ। ਜੇ ਤੁਸੀਂ ਧੁੱਪ ਵਿੱਚ ਬਾਹਰ ਜਾਣਾ ਹੀ ਹੈ ਤਾਂ ਸੰਨਸਕ੍ਰੀਨ (ਘੱਟੋ ਘੱਟ ਐੱਸ.ਪੀ.ਐੱਫ਼. 15) ਲਗਾਓ ਅਤੇ ਚਮੜੀ ਨੂੰ ਸੁਰੱਖਿਅਤ ਰੱਖਣ ਵਾਲੇ ਕਪੜੇ ਪਹਿਨੋ।
- **ਤੁਸੀਂ Doxycycline ਨਾਲ ਹੇਠ ਲਿਖੀਆਂ ਦਵਾਈਆਂ ਨਹੀਂ ਲੈ ਸਕਦੇ**
  - **ਟਾਈਫ਼ਾਈਡ (ਮਿਆਦੀ ਬੁਖ਼ਾਰ) ਦੀ ਮੂੰਹ ਰਾਹੀਂ ਖਾਧੀ ਜਾਣ ਵਾਲੀ ਵੈਕਸੀਨ:** (Vivotif®)
  - **ਸੋਰਾਇਸਿਸ:** Acitretin (Soriatane®)
  - **ਹੋਰ:** Isotretinoin (Accutane®)

**Tell your doctor if you are taking the following medications**
**ਜੇ ਤੁਸੀਂ ਹੇਠ ਲਿਖੀਆਂ ਦਵਾਈਆਂ ਲੈ ਰਹੇ ਹੋ ਤਾਂ ਆਪਣੇ ਡਾਕਟਰ ਨੂੰ ਦੱਸੋ**

- **ਐਂਟੀਐਰਿਥਮਿਕ (ਦਿਲ ਦੀ ਧੜਕਣ ਅਤੇ ਰਵਾਨਗੀ ਦੇ ਵਿਗਾੜਾਂ ਵਿਰੋਧੀ) ਦਵਾਈਆਂ:** Digoxin (Lanoxin®)
- **ਐਂਟੀਬਾਇਓਟਿਕ (ਰੋਗਾਣੂ ਨਾਸ਼ਕ) :** Rifampin (Rifadin®, Rofact®)
- **ਐਂਟੀਕੋਐਗੂਲੈਂਟਸ (ਗਤਲਿਆਂ ਵਿਰੋਧੀ):** Warfarin (Coumadin®)
- **ਐਂਟੀਕਨਵਲਸੈਂਟਸ (ਦੌਰਾ ਪੈਣ ਵਿਰੋਧੀ) :** Carbamazepine (Tegretol®), Phenytoin (Dilantin®)
- **ਅੱਤ ਦੀ ਸੰਵੇਦਨਸ਼ੀਲਤਾ ਵਿਰੋਧੀ:** Quinapril (Accupril®)
- **ਬਾਰਬਿੱਚੂਏਟਸ (ਮਾਨਸਕ ਰੋਗਾਂ ਸੰਬੰਧੀ) :** Pentobarbital, Phenobarbital, Secobarbital
- **ਗਰਭ ਨਿਰੋਧਕ ਗੋਲ਼ੀਆਂ** Estrogens/Progestrogens (ਐਸਟ੍ਰੋਜੈਨਜ਼/ਪ੍ਰੋਜੈਸਟੋਜੈਨ)
- **ਇਮਿਊਨੋਸਪ੍ਰੈੱਸੈਂਟਸ (ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਕੁਦਰਤੀ ਪ੍ਰਣਾਲੀ ਨੂੰ ਦਬਾਉਣ ਵਾਲੀਆਂ ਦਵਾਈਆਂ):** Methotrexate (Folex®)
- **ਪੈਨਸੀਲਿਨਜ਼** (Amoxil®), Penicillin V (Pen-VK®)



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707 5600
Fax 604 707 5604
www.bccdc.ca
www.STDResource.com

*A research and teaching centre affiliated with UBC*

# Doxycycline Treatment (cont'd)
# Doxycycline (ਡੌਕਸੀਸਾਇਕਲੀਨ) ਰਾਹੀਂ ਕੀਤਾ ਜਾਣ ਵਾਲਾ ਇਲਾਜ (ਚਲਦਾ)

**Side Effects**
**ਮਾੜੇ ਪ੍ਰਭਾਵ**

- ਤੁਹਾਨੂੰ ਟੱਟੀਆਂ ਲੱਗ ਸਕਦੀਆਂ ਹਨ, ਜੀਅ ਕੱਚਾ ਹੋ ਸਕਦਾ ਹੈ, ਢਿੱਡ ਪੀੜ ਹੋ ਸਕਦੀ ਹੈ ਜਾਂ ਉਲਟੀਆਂ ਲੱਗ ਸਕਦੀਆਂ ਹਨ, ਸਿਰ ਦਰਦ ਹੋ ਸਕਦਾ ਹੈ ਅਤੇ ਚਮੜੀ 'ਤੇ ਧੱਫੜ ਹੋ ਸਕਦੇ ਹਨ।

**Instructions for Taking**
**ਦਵਾਈ ਲੈਣ ਸੰਬੰਧੀ ਹਿਦਾਇਤਾਂ**

- ਇੱਕ ਕੈਪਸੂਲ (100 ਐੱਮ.ਜੀ.) ਸਵੇਰੇ ਅਤੇ ਸ਼ਾਮ ਨੂੰ ਭੋਜਨ ਨਾਲ ਲਓ।
- ਕੈਪਸੂਲ ਨੂੰ ਸਾਬਤ ਨਿਗਲੋ।
- ਕੈਪਸੂਲ ਨੂੰ ਤੋੜੋ, ਚੱਬੋ ਜਾਂ ਖੋਲ੍ਹੋ ਨਹੀਂ।
- ਪਾਣੀ ਦੇ ਭਰੇ ਹੋਏ ਗਿਲਾਸ ਨਾਲ ਲਓ ਅਤੇ ਘੱਟੋ-ਘੱਟ 30 ਮਿੰਟਾਂ ਲਈ ਸਿੱਧੇ ਖੜ੍ਹੋ ਜਾਂ ਬੈਠ ਜਾਓ।

**Storage Instructions**
**ਰੱਖਣ ਸੰਬੰਧੀ ਹਿਦਾਇਤਾਂ**

- 15-30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਗਰਮੀ ਅਤੇ ਨਮੀ ਤੋਂ ਸੁਰੱਖਿਅਤ ਰੱਖੋ।
- ਮਿਆਦ ਖ਼ਤਮ ਹੋਣ ਦੀ ਪ੍ਰਿੰਟ ਕੀਤੀ ਹੋਈ ਤਾਰੀਖ਼ ਤੋਂ ਬਾਅਦ ਦਵਾਈਆਂ ਦੀ ਵਰਤੋਂ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

**Special Instructions**
ਵਿਸ਼ੇਸ਼ ਹਿਦਾਇਤਾਂ

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
  - ਤੁਹਾਡੇ 1-ਦਿਨਾ ਟ੍ਰੀਟਮੈਂਟ ਨੂੰ ਇੱਕ ਹਫ਼ਤਾ ਪੂਰਾ ਨਹੀਂ ਹੋ ਜਾਂਦਾ; ਜਾਂ
  - ਤੁਹਾਡਾ 7-ਦਿਨ ਚੱਲਣ ਵਾਲਾ ਇਲਾਜ ਪੂਰਾ ਨਹੀਂ ਹੋ ਜਾਂਦਾ
  - ਤੁਹਾਡੇ ਸੰਭੋਗ ਸਾਥੀ(ਆਂ) ਦਾ ਇਲਾਜ ਵੀ ਨਹੀਂ ਹੋ ਜਾਂਦਾ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨਾਂਹਪੱਖੀ ਹੀ ਹੋਣ।
- ਤੁਹਾਨੂੰ ਸਿਹਤ ਸੰਭਾਲ ਸੇਵਾ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਸੂਚਿਤ ਕਰੋ ਜੇ:
  - ਤੁਸੀਂ ਕਿਸੇ ਅਜਿਹੇ ਸਾਥੀ ਨਾਲ ਸੰਭੋਗ ਕੀਤਾ ਹੈ ਜਿਸ ਦਾ ਇਲਾਜ ਨਹੀਂ ਹੋਇਆ ਸੀ
  - ਤੁਸੀਂ ਆਪਣਾ ਜਾਂ ਆਪਣੇ ਸਾਥੀ(ਆਂ) ਦਾ ਇਲਾਜ ਪੂਰਾ ਹੋਣ ਤੋਂ ਪਹਿਲਾਂ ਸੰਭੋਗ ਕੀਤਾ ਹੈ।
- ਜੇ ਤੁਸੀਂ ਹਾਰਮੋਨਲ ਕਿਸਮ ਦਾ ਗਰਭ ਨਿਰੋਧਕ (ਮੂੰਹ ਰਾਹੀਂ ਖਾਧੀਆਂ ਜਾਣ ਵਾਲੀਆਂ ਦਵਾਈਆਂ, ਰਿੰਗ ਜਾਂ ਪੈਚ) ਵਰਤ ਰਹੇ ਹੋ ਤਾਂ ਆਪਣਾ ਮੌਜੂਦਾ ਮਾਹਵਾਰੀ ਚੱਕਰ ਪੂਰਾ ਹੋਣ ਤਕ ਗਰਭ ਨਿਰੋਧਨ ਦਾ ਇੱਕ ਹੋਰ ਗ਼ੈਰ-ਹਾਰਮੋਨਲ ਤਰੀਕਾ (ਜਿਵੇਂ ਕਿ ਕੰਡੋਮ/ਡਾਇਆਫ੍ਰੈਗਮ) ਵਰਤੋ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਸਥਾਨਕ ਹੈਲਥ ਯੂਨਿਟ ਨਾਲ ਸੰਪਰਕ ਕਰੋ ਜਾਂ ਹੇਠ ਲਿਖੀ ਸੰਪਰਕ ਜਾਣਕਾਰੀ ਦੇਖੋ।



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707 5600
Fax 604 707 5604
www.bccdc.ca
www.STDResource.com

*A research and teaching centre affiliated with UBC*